WCAT Workers' Compensation Appeal Tribunal

# ਡਾਕਟਰੀ ਸਬੂਤਾਂ ਬਾਰੇ ਗਾਈਡ

# Medical Evidence Guide

WCAT Workers' Compensation Appeal Tribunal

***ਨੋਟ: ਇਹ ਗਾਈਡ ਵਰਕਰ ਅਪੀਲਕਰਤਾ ਲਈ ਲਿਖੀ ਗਈ ਹੈ। ਜੇ ਤੁਸੀਂ ਹਿੱਸਾ ਲੈਣ ਵਾਲੇ ਇਮਪਲੌਏਅਰ ਉੱਤਰਦਾਇਕ (ਰਿਸਪੌਂਡੈਂਟ) ਹੋ ਤਾਂ ਡਾਕਟਰੀ ਸਬੂਤ ਲੈਣ ਅਤੇ ਪੇਸ਼ ਕਰਨ ਦੇ ਤੁਹਾਡੇ ਕੋਲ ਵੀ ਉਹੀ ਹੱਕ ਹਨ। ਇਹ ਗਾਈਡ ਤੁਹਾਡੇ ਲਈ ਵੀ ਮਦਦਗਾਰ ਹੋਵੇਗੀ।***

ਇਹ ਗਾਈਡ ਦੱਸਦੀ ਹੈ ਕਿ ਡਬਲਯੂ ਸੀ ਏ ਟੀ ਕੋਲ ਆਪਣੀ ਅਪੀਲ ਦਾ ਸਮਰਥਨ ਕਰਨ ਅਤੇ ਇਸ ਨੂੰ ਮਜ਼ਬੂਤ ਕਰਨ ਲਈ ਮਹੱਤਵਪੂਰਨ ਡਾਕਟਰੀ ਸਬੂਤ ਕਿਵੇਂ ਲੱਭਣੇ ਅਤੇ ਪੇਸ਼ ਕਰਨੇ ਹਨ।

## ਡਾਕਟਰੀ ਸਬੂਤ ਕੀ ਹੈ?

ਡਾਕਟਰੀ ਸਬੂਤ (ਮੈਡੀਕਲ ਐਵੀਡੈਂਸ), ਮਾਹਰਾਂ ਦੇ ਸਬੂਤਾਂ ਦਾ ਇਕ ਰੂਪ ਹੈ। ਮਾਹਰ ਸਬੂਤ ਉਨ੍ਹਾਂ ਗਵਾਹਾਂ ਦੀ ਰਾਇ ਹੁੰਦੇ ਹਨ ਜਿਨ੍ਹਾਂ ਨੇ ਕਿਸੇ ਖਾਸ ਵਿਸ਼ੇ ਨਾਲ ਸੰਬੰਧਿਤ ਪੜ੍ਹਾਈ, ਟਰੇਨਿੰਗ, ਜਾਂ ਤਜਰਬਾ ਹਾਸਲ ਕੀਤਾ ਹੁੰਦਾ ਹੈ। ਮਾਹਰ, ਕੋਈ ਡਾਕਟਰ, ਵੋਕੇਸ਼ਨਲ ਰੀਹੈਬਲੀਟੇਸ਼ਨ ਕਨਸਲਟੈਂਟ, ਆਕੂਪੇਸ਼ਨਲ ਥੈਰੇਪਿਸਟ, ਇੰਜਨੀਅਰ, ਅਕਾਊਂਟੈਂਟ, ਫਿਜ਼ੀਓਥੈਰੇਪਿਸਟ, ਜਾਂ ਆਕੂਪੇਸ਼ਨਲ ਹਾਈਜੀਨਿਸਟ ਹੋ ਸਕਦਾ ਹੈ। ਜੇ ਕਿਸੇ ਗਵਾਹ ਕੋਲ ਕਿਸੇ ਖਾਸ ਖੇਤਰ ਦੀ ਪੜ੍ਹਾਈ, ਟਰੇਨਿੰਗ ਜਾਂ ਤਜਰਬਾ ਨਹੀਂ ਹੈ ਤਾਂ ਉਨ੍ਹਾਂ ਦੇ ਨਿੱਜੀ ਵਿਚਾਰ ਸਿਰਫ ਇਕ ਰਾਇ ਹੁੰਦੇ ਹਨ ਨਾ ਕਿ ਕਿਸੇ ਮਾਹਰ ਦਾ ਸਬੂਤ।

ਡਾਕਟਰੀ ਸਬੂਤ ਕਈ ਰੂਪਾਂ ਵਿਚ ਹੋ ਸਕਦੇ ਹਨ। ਇਸ ਵਿਚ ਕਿਸੇ ਡਾਕਟਰ ਦੇ ਕਲਿਨਿਕੀ ਨੋਟ ਜਾਂ ਰਿਕਾਰਡ ਅਤੇ ਉਹ ਫਾਰਮ ਸ਼ਾਮਲ ਹੋ ਸਕਦੇ ਹਨ ਜਿਹੜੇ ਉਹ ਭਰਦਾ ਹੈ ਅਤੇ ਨੇਮ ਨਾਲ ਵਰਕਸੇਫ ਬੀ ਸੀ ਨੂੰ ਭੇਜਦਾ ਹੈ। ਡਾਕਟਰੀ ਸਬੂਤਾਂ ਵਿਚ, ਫਸਟ ਏਡ ਦੇ ਰਿਕਾਰਡ, ਐਮਰਜੰਸੀ ਰੂਮ ਅਤੇ ਹਸਪਤਾਲ ਦੇ ਰਿਕਾਰਡ, ਰੋਗ ਦੀ ਪਛਾਣ ਲਈ ਟੈੱਸਟਾਂ ਦੇ ਨਤੀਜੇ, ਸੀ ਟੀ/ਐੱਮ ਆਰ ਆਈ/ਐਕਸਰੇ ਰਿਪੋਰਟਾਂ, ਅਤੇ ਪੱਕੇ ਤੌਰ ’ਤੇ ਅਪਾਹਜਤਾ ਦੀ ਜਾਂਚ ਵੀ ਸ਼ਾਮਲ ਹੋ ਸਕਦੇ ਹਨ।

ਡਾਕਟਰੀ ਸਬੂਤ ਜਾਂ ਡਾਕਟਰੀ ਰਾਇ ਤੁਹਾਡੇ ਡਾਕਟਰ ਤੋਂ, ਵਰਕਸੇਫ ਬੀ ਸੀ ਦੇ ਕਿਸੇ ਡਾਕਟਰ, ਤੁਹਾਡੇ ਸਪੈਸ਼ਲਿਸਟ, ਜਾਂ ਕਿਸੇ ਨਿਰਪੱਖ ਸਿਹਤ ਮਾਹਰ ਤੋਂ ਆ ਸਕਦੇ ਹਨ। ਸਾਇਕੋਲੋਜਿਸਟ, ਕੈਰੋਪਰੈਕਟਰ, ਆਕੂਪੇਸ਼ਨਲ ਥੈਰੇਪਿਸਟ, ਅਰਗੋਨੌਮਿਸਟ, ਫਿਜ਼ੀਓਥੈਰੇਪਿਸਟ, ਜਾਂ ਆਕੂਪੇਸ਼ਨਲ



ਹਾਈਜੀਨਿਸਟ ਵੀ ਡਾਕਟਰੀ ਸਬੂਤ ਦੇ ਸਕਦੇ ਹਨ। ਉਦਾਹਰਣ ਲਈ, ਕੋਈ ਆਕੂਪੇਸ਼ਨਲ ਥੈਰੇਪਿਸਟ, ਕਿਸੇ ਵਰਕਰ ਦੀ ਕੰਮ ’ਤੇ ਵਾਪਸ ਜਾਣ ਦੀ ਸਮਰੱਥਾ ਦਾ ਪਤਾ ਲਾ ਸਕਦਾ ਹੈ। ਕੋਈ ਅਰਗੋਨੌਮਿਸਟ, ਕਿਸੇ ਡਾਕਟਰੀ ਮਾਹਰ ਦੀ ਇਹ ਬਿਹਤਰ ਸਮਝਣ ਵਿਚ ਮਦਦ ਕਰਨ ਲਈ ਕਿ ਵਰਕਰ ਦੇ ਕੰਮ ਦੀਆਂ ਸਰਗਰਮੀਆਂ ਕੀ ਹਨ, ਕੰਮ ਵਾਲੀ ਥਾਂ ’ਤੇ ਜੌਬ ਦੀਆਂ ਮੰਗਾਂ ਦਾ ਵਿਸ਼ਲੇਸ਼ਣ ਕਰ ਸਕਦਾ ਹੈ। ਕੋਈ ਆਕੂਪੇਸ਼ਨਲ ਹਾਈਜੀਨਿਸਟ, ਕਿਸੇ ਵਰਕਰ ਦੇ ਕੰਮ ਵਾਲੀ ਥਾਂ ’ਤੇ ਵਾਤਾਵਰਣ ਨਾਲ ਸੰਬੰਧਿਤ ਖਤਰਿਆਂ ਦਾ ਵਿਸ਼ਲੇਸ਼ਣ ਕਰ ਸਕਦਾ ਹੈ।

ਡਾਕਟਰੀ ਸਾਹਿਤ, ਖੋਜ ਅਤੇ ਆਰਟੀਕਲ ਡਾਕਟਰੀ ਸਬੂਤ ਨਹੀਂ ਹਨ, ਪਰ ਉਹ ਡਾਕਟਰੀ ਸਬੂਤਾਂ ਨੂੰ ਸਮਝਣ ਵਿਚ ਸਾਡੀ ਮਦਦ ਕਰ ਸਕਦੇ ਹਨ। ਆਪਣੀ ਹਾਲਤ ਬਾਰੇ ਕਿਸੇ ਵਰਕਰ ਦਾ ਬਿਆਨ ਸਬੂਤ ਹੈ, ਪਰ ਇਹ ਕਿਸੇ ਮਾਹਰ ਦਾ ਸਬੂਤ ਨਹੀਂ ਹੈ।

## ਮੈਨੂੰ ਡਾਕਟਰੀ ਸਬੂਤ ਦੀ ਲੋੜ ਕਦੋਂ ਹੈ?

ਤੁਹਾਨੂੰ ਨਵੇਂ ਡਾਕਟਰੀ ਸਬੂਤ ਦੀ ਲੋੜ ਸਿਰਫ ਤਾਂ ਹੀ ਹੈ ਜੇ ਤੁਹਾਡੇ ਵਰਕਸੇਫ ਬੀ ਸੀ ਦੇ ਕਲੇਮ ਦੀ ਫਾਇਲ ਵਿਚਲਾ ਪਹਿਲਾਂ ਹੀ ਮੌਜੂਦ ਸਬੂਤ ਕਾਫੀ ਨਹੀਂ ਹੈ। ਉਦਾਹਰਣ ਲਈ, ਤੁਸੀਂ ਨਵਾਂ ਡਾਕਟਰੀ ਸਬੂਤ ਭੇਜ ਸਕਦੇ ਹੋ ਜੇ ਤੁਹਾਡੀ ਅਪੀਲ ਨੂੰ ਇਸ ਤਰ੍ਹਾਂ ਦੇ ਸਵਾਲਾਂ ਦੇ ਜਵਾਬਾਂ ਨੂੰ ਪੂਰੀ ਤਰ੍ਹਾਂ ਸਮਝਣ ਲਈ ਹੋਰ ਡਾਕਟਰੀ ਸਬੂਤਾਂ ਦੀ ਲੋੜ ਹੈ:

- ਮੇਰੀ ਸੱਟ ਜਾਂ ਬੀਮਾਰੀ ਦੀ ਕਿਸਮ ਅਤੇ ਹੱਦ ਕੀ ਹੈ?
- ਕੀ ਮੇਰਾ ਕੰਮ ਮੇਰੀ ਸੱਟ ਜਾਂ ਬੀਮਾਰੀ ਦਾ ਕਾਰਨ, ਇਸ ਨੂੰ ਸ਼ੁਰੂ ਕਰਨ, ਗੰਭੀਰ ਬਣਾਉਣ, ਜਾਂ ਤੇਜ਼ ਕਰਨ ਦਾ ਕਾਰਨ ਬਣਿਆ ਸੀ?
- ਕੀ ਮੈਂ ਸੱਟ ਜਾਂ ਬੀਮਾਰੀ ਕਰਕੇ ਕੰਮ ਕਰਨ ਤੋਂ ਅਯੋਗ ਹੋਇਆ/ਹੋਈ ਹਾਂ?
- ਜੇ ਮੈਂ ਕੰਮ ਕਰਨ ਦੇ ਅਯੋਗ ਹੋਇਆ/ਹੋਈ ਹਾਂ ਤਾਂ ਕੀ ਇਹ ਡਿਸਏਬਿਲਟੀ (ਅਪਾਹਜਤਾ) ਆਰਜ਼ੀ ਹੈ ਜਾਂ ਪੱਕੀ ਹੈ?
- ਜੇ ਮੈਂ ਆਰਜ਼ੀ ਤੌਰ ’ਤੇ ਡਿਸਏਬਲ ਹੋਇਆ/ਹੋਈ ਹਾਂ ਤਾਂ ਕੀ ਡਿਸਏਬਿਲਟੀ ਠੀਕ ਹੋ ਗਈ ਹੈ ਜਾਂ ਇਹ ਰੁਕ ਗਈ

ਹੈ? ਕਦੋਂ?

- ਕਿਹੜੀਆਂ ਸੀਮਾਵਾਂ (ਉਹ ਚੀਜ਼ਾਂ ਜਿਹੜੀਆਂ ਵਰਕਰ ਨਹੀਂ ਕਰ ਸਕਦਾ) ਅਤੇ/ਜਾਂ ਬੰਦਸ਼ਾਂ (ਉਹ ਚੀਜ਼ਾਂ ਜਿਹੜੀਆਂ ਵਰਕਰ ਬਿਲਕੁਲ ਨਹੀਂ ਕਰ ਸਕਦਾ) ਸੱਟ ਕਾਰਨ ਪੈਦਾ ਹੋਈਆਂ ਹਨ?
- ਜੇ ਮੇਰੀ ਸੱਟ ਜਾਂ ਬੀਮਾਰੀ ਪੱਕੀ ਹੈ ਤਾਂ ਪੱਕੇ ਨੁਕਸਾਨ (ਡਿਸਏਬਿਲਟੀ) ਦੀ ਕਿਸਮ ਅਤੇ ਹੱਦ ਕੀ ਹੈ?

ਇਨ੍ਹਾਂ ਸਵਾਲਾਂ ਦੇ ਜਵਾਬਾਂ ਲਈ ਗੈਰ-ਮੈਡੀਕਲ ਸਬੂਤਾਂ ਦੀ ਪੜਤਾਲ ਦੀ ਵੀ ਲੋੜ ਹੋ ਸਕਦੀ ਹੈ, ਜਿਵੇਂ ਕਿ ਕੰਮ ਦੇ ਫਰਜ਼ਾਂ ਦੀਆਂ ਸਰੀਰਕ ਮੰਗਾਂ, ਕੰਮ 'ਤੇ ਵਾਪਸ ਜਾਣ ਲਈ ਵਰਕਰ ਦੀ ਪ੍ਰੇਰਣਾ, ਕੰਮ ਦੀ ਉਪਲਬਧੀ, ਆਦਿ। ਉਨ੍ਹਾਂ ਲਈ ਵਰਕਸੇਫ ਬੀ ਸੀ ਦੀ ਪਾਲਸੀ ਲਾਗੂ ਹੋਣ ਦੀ ਮੰਗ ਵੀ ਹੋ ਸਕਦੀ ਹੈ। ਡਾਕਟਰੀ ਸਬੂਤ ਹਮੇਸ਼ਾਂ ਨਤੀਜੇ ਦਾ ਫੈਸਲਾ ਨਹੀਂ ਕਰਦੇ, ਪਰ ਇਹ ਜ਼ਰੂਰੀ ਹੈ ਕਿ ਅਪੀਲ ਬਾਰੇ ਫੈਸਲਾ ਕਰਨ ਵੇਲੇ ਅਸੀਂ ਇਨ੍ਹਾਂ 'ਤੇ ਵਿਚਾਰ ਕਰੀਏ।

## ਮੇਰੇ ਕਲੇਮ ਦੀ ਫਾਇਲ ਵਿਚ ਡਾਕਟਰੀ ਸਬੂਤ ਹਨ। ਮੈਨੂੰ ਹੋਰ ਸਬੂਤਾਂ ਦੀ ਕਿਉਂ ਲੋੜ ਹੈ?

ਕੁਝ ਕੇਸਾਂ ਵਿਚ, ਹੋ ਸਕਦਾ ਹੈ ਕਿ ਕਲੇਮ ਦੀ ਫਾਇਲ ਵਿਚਲੇ ਡਾਕਟਰੀ ਸਬੂਤ ਤੁਹਾਡੀ ਸਥਿਤੀ ਦੀ ਪੂਰੀ ਤਰ੍ਹਾਂ ਹਿਮਾਇਤ ਨਾ ਕਰਦੇ ਹੋਣ। ਇਸ ਕਰਕੇ, ਹੋ ਸਕਦਾ ਹੈ ਕਿ ਤੁਸੀਂ ਨਵੇਂ ਡਾਕਟਰੀ ਸਬੂਤ ਦੇਣਾ ਚਾਹੋ। ਹੋਰ ਕੇਸਾਂ ਵਿਚ, ਤੁਹਾਡੇ ਕਲੇਮ ਦੀ ਫਾਇਲ ਵਿਚਲੇ ਸਬੂਤ ਰਿਪੋਰਟਾਂ ਤੋਂ ਬਣੇ ਹੋ ਸਕਦੇ ਹਨ, ਪਰ ਇਹ ਰਿਪੋਰਟਾਂ ਖਾਸ ਤੌਰ 'ਤੇ ਇਹ ਨਾ ਦੱਸਦੀਆਂ ਹੋਣ ਕਿ ਤੁਹਾਡੀ ਸੱਟ, ਡਾਕਟਰੀ ਇਲਾਜ ਲਈ ਤੁਹਾਡੀ ਲੋੜ ਜਾਂ ਡਿਸਏਬਿਲਟੀ ਦੇ ਤੁਹਾਡੇ ਪੱਧਰ 'ਤੇ ਕਿਵੇਂ ਅਸਰ ਪਾਉਂਦੀ ਹੈ। ਅਕਸਰ, ਆਪਣੇ ਡਾਕਟਰ ਨੂੰ ਇਹ ਦੱਸਣ ਲਈ ਕਹਿਣਾ ਇਕ ਚੰਗਾ ਖਿਆਲ ਹੈ ਕਿ ਉਹ ਲਿਖਤੀ ਰੂਪ ਵਿਚ ਦੱਸੇ ਕਿ ਤੁਹਾਡੀ ਸੱਟ ਅਤੇ ਡਾਕਟਰੀ ਇਲਾਜ ਲਈ ਤੁਹਾਡੀ ਲੋੜ ਜਾਂ ਡਿਸਏਬਿਲਟੀ ਦੇ ਤੁਹਾਡੇ ਪੱਧਰ ਵਿਚਕਾਰ ਸਿੱਧੇ ਤੌਰ 'ਤੇ ਕੀ ਸਬੰਧ ਹੈ।

## ਇਹ ਪੱਕਾ ਕਰਨ ਲਈ ਕਿ ਮੈਨੂੰ ਚੰਗੀ ਡਾਕਟਰੀ ਰਾਇ ਮਿਲੇ, ਮੈਨੂੰ ਕਿਸੇ ਡਾਕਟਰੀ ਮਾਹਰ ਨੂੰ ਕੀ ਦੇਣਾ ਚਾਹੀਦਾ ਹੈ?

ਇਹ ਡਾਕਟਰੀ ਸਮੱਸਿਆ 'ਤੇ ਨਿਰਭਰ ਕਰਦਾ ਹੈ। ਫਿਰ ਵੀ, ਸਾਰੇ ਕੇਸਾਂ ਵਿਚ ਤੁਹਾਨੂੰ ਮੌਜੂਦਾ ਹਾਲਤ ਬਾਰੇ ਦੱਸਣਾ ਚਾਹੀਦਾ ਹੈ ਅਤੇ ਡਾਕਟਰੀ ਮਾਹਰ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਅਪੀਲ ਤੋਂ ਤੁਸੀਂ ਕੀ ਚਾਹੁੰਦੇ ਹੋ।

ਤੁਹਾਨੂੰ ਡਾਕਟਰੀ ਮਾਹਰ ਨੂੰ ਇਨ੍ਹਾਂ ਦੀਆਂ ਕਾਪੀਆਂ ਦੇਣੀਆਂ ਚਾਹੀਦੀਆਂ ਹਨ:

- ਅਪੀਲ ਅਧੀਨ ਰਿਵੀਊ ਡਿਵੀਜ਼ਨ ਦਾ ਫੈਸਲਾ
- ਵਰਕਸੇਫ ਬੀ ਸੀ ਦਾ ਫੈਸਲਾ ਜਿਸ ਬਾਰੇ ਰਿਵੀਊ ਡਿਵੀਜ਼ਨ ਨੇ ਵਿਚਾਰ ਕੀਤੀ ਹੈ
- ਕਲੇਮ ਦੀ ਫਾਇਲ ਵਿੱਚੋਂ ਡਾਕਟਰੀ ਜਾਣਕਾਰੀ ਜਿਹੜੀ ਅਪੀਲ ਅਧੀਨ ਮਾਮਲੇ ਨਾਲ ਸੰਬੰਧਿਤ ਹੈ
- ਵਰਕਸੇਫ ਬੀ ਸੀ ਦੇ ਡਾਕਟਰਾਂ ਦੀ ਕੋਈ ਵੀ ਰਾਇ ਜਿਹੜੀ ਅਪੀਲ ਅਧੀਨ ਮਾਮਲੇ ਨਾਲ ਸੰਬੰਧਿਤ ਹੈ
- ਵਰਕਸੇਫ ਬੀ ਸੀ ਦੇ ਉਸ ਅਫਸਰ ਦਾ ਮੀਮੋ (ਯਾਦ ਪੱਤਰ) ਜਿਸ ਨੇ ਉਹ ਫੈਸਲਾ ਕੀਤਾ ਸੀ, ਜਿਸ 'ਤੇ ਰਿਵੀਊ ਡਿਵੀਜ਼ਨ ਵਲੋਂ ਗੌਰ ਕੀਤੀ ਗਈ ਸੀ, ਅਤੇ ਫੈਸਲੇ ਦੇ ਆਪਣੇ ਕਾਰਨ ਦਿੱਤੇ ਗਏ ਸਨ
- ਹੋਰ ਉਹ ਡਾਕਟਰੀ ਜਾਣਕਾਰੀ ਜਿਹੜੀ ਤੁਸੀਂ ਇਕੱਠੀ ਕੀਤੀ ਹੋ ਸਕਦੀ ਹੈ ਅਤੇ ਜਿਹੜੀ ਕਲੇਮ ਦੀ ਫਾਇਲ ਉਪਰ ਨਹੀਂ ਹੈ

ਤੁਹਾਨੂੰ ਇਹ ਵਿਚਾਰ ਕਰਨੀ ਚਾਹੀਦੀ ਹੈ ਕਿ ਤੁਸੀਂ ਉਨ੍ਹਾਂ ਗੈਰ-ਮੈਡੀਕਲ ਤੱਥਾਂ ਬਾਰੇ ਡਾਕਟਰੀ ਮਾਹਰ ਨੂੰ ਕਿਵੇਂ ਦੱਸਣਾ ਹੈ ਜਿਨ੍ਹਾਂ ਦੀ ਉਸ ਨੂੰ ਡਾਕਟਰੀ ਰਾਇ ਦੇਣ ਲਈ ਲੋੜ ਹੋ ਸਕਦੀ ਹੈ। ਤੁਸੀਂ:

- ਇਕ ਚਿੱਠੀ ਲਿਖ ਸਕਦੇ ਹੋ ਜਿਸ ਵਿਚ ਅਪੀਲ ਅਧੀਨ ਨੁਕਤਿਆਂ ਲਈ ਢੁਕਵੇਂ ਮਾਮਲਿਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਉਦਾਹਰਣ ਲਈ, ਤੁਹਾਡੀ ਚਿੱਠੀ ਇਹ ਦੱਸ ਸਕਦੀ ਹੈ ਕਿ ਤੁਹਾਡੇ ਸੱਟ ਕਿਵੇਂ ਲੱਗੀ, ਤੁਹਾਡੇ ਕੰਮ ਦੀਆਂ ਸਰਗਰਮੀਆਂ, ਤੁਹਾਡੇ ਕੰਮ ਲਈ ਸਰੀਰਕ ਸ਼ਰਤਾਂ, ਆਦਿ।

- ਇਨ੍ਹਾਂ ਚੀਜ਼ਾਂ ਬਾਰੇ ਕਲੇਮ ਫਾਇਲ ਉਪਰ ਪਹਿਲਾਂ ਹੀ ਮੌਜੂਦ ਜਾਣਕਾਰੀ ਡਾਕਟਰੀ ਮਾਹਰ ਨੂੰ ਦਿਉ। ਉਦਾਹਰਣ ਲਈ, ਤੁਹਾਡੇ ਰੁਜ਼ਗਾਰ ਨਾਲ ਸੰਬੰਧਿਤ ਖਤਰੇ ਵਾਲੇ ਪੱਖ। ਜੇ ਵਰਕਸੇਫ ਬੀ ਸੀ ਦੀ ਫਾਇਲ ਉਪਰ ਵੇਰਵਾ ਸਹੀ ਨਹੀਂ ਹੈ ਜਾਂ ਮੁਕੰਮਲ ਨਹੀਂ ਹੈ ਤਾਂ ਤੁਸੀਂ ਇਸ ਬਾਰੇ ਦੱਸਣਾ ਜਾਂ ਸਪਸ਼ਟ ਕਰਨਾ ਚਾਹ ਸਕਦੇ ਹੋ ਜਾਂ ਹੋਰ ਜਾਣਕਾਰੀ ਦੇ ਸਕਦੇ ਹੋ।
- ਆਪਣੇ ਕੰਮ ਵਾਲੀ ਥਾਂ ਅਤੇ/ਜਾਂ ਕੰਮ ਦੀਆਂ ਸਰਗਰਮੀਆਂ ਦੀ ਤਸਵੀਰ ਬਣਾਉ, ਫੋਟੋਆਂ ਲਵੋ ਜਾਂ ਵੀਡਿਓ ਬਣਾਉ।
- ਡਾਕਟਰੀ ਮਾਹਰ ਨੂੰ ਆਪਣੇ ਕੰਮ ਵਾਲੀ ਥਾਂ ਅਤੇ/ਜਾਂ ਕੰਮ ਦੀਆਂ ਸਰਗਰਮੀਆਂ ਦੇਖਣ ਦਾ ਸੱਦਾ ਦਿਉ।

ਕੁਝ ਕੇਸਾਂ ਵਿਚ, ਹੋਰ ਜਾਣਕਾਰੀ ਵੀ ਹੋ ਸਕਦੀ ਹੈ ਜਿਹੜੀ ਤੁਹਾਨੂੰ ਡਾਕਟਰੀ ਮਾਹਰ ਨੂੰ ਦੇਣੀ ਚਾਹੀਦੀ ਹੈ, ਜਿਵੇਂ ਕਿ:

- ਵਰਕਸੇਫ ਬੀ ਸੀ ਦੀਆਂ ਤੁਹਾਡੇ ਕਲੇਮ ਦੀਆਂ ਪਹਿਲੀਆਂ ਫਾਇਲਾਂ ਅਤੇ/ਜਾਂ ਇਲਾਜ ਕਰਨ ਵਾਲੇ ਹੋਰ ਮਾਹਰਾਂ ਦੇ ਡਾਕਟਰੀ ਰਿਕਾਰਡ/ਪੇਪਰ ਜਾਂ ਹੋਰ ਜਾਣਕਾਰੀ।
- ਵਰਕਸੇਫ ਬੀ ਸੀ ਦੀ ਉਹ ਪਾਲਸੀ ਜਿਹੜੀ ਅਪੀਲ ਅਧੀਨ ਮਾਮਲੇ ਉੱਪਰ ਲਾਗੂ ਹੁੰਦੀ ਹੈ। ਡਬਲਯੂ ਸੀ ਏ ਟੀ ਲਈ ਅਪੀਲ ’ਤੇ ਵਰਕਸੇਫ ਬੀ ਸੀ ਦੀਆਂ ਢੁਕਵੀਂਆਂ ਪਾਲਸੀਆਂ ਲਾਗੂ ਕਰਨਾ ਜ਼ਰੂਰੀ ਹੈ।

ਉਦਾਹਰਣ ਲਈ, ਨਸਾਂ ਦੀ ਸੋਜ (ਟੈਂਡਿਨਾਈਟਸ) ਵਰਗੀ, ਅੰਗਾਂ ਦੇ ਸੌਫਟ ਟਿਸ਼ੂ ਡਿਸਔਰਡਰ ਨਾਲ ਸੰਬੰਧਿਤ ਕਿਸੇ ਸਰਗਰਮੀ ਬਾਰੇ ਇਹ ਫੈਸਲਾ ਕਰਨ ਵੇਲੇ ਕਿ ਕੀ ਇਹ ਵਰਕਰ ਦੇ ਕੰਮ ਨਾਲ ਸੰਬੰਧਿਤ ਹੈ, ਵਰਕਸੇਫ ਬੀ ਸੀ ਦੀ ਪਾਲਸੀ ਖਤਰੇ ਦੇ ਪੱਖਾਂ ਦੀ ਇਕ ਲਿਸਟ ਪ੍ਰਦਾਨ ਕਰਦੀ ਹੈ। ਇਸ ਨਾਲ ਡਾਕਟਰੀ ਮਾਹਰ ਦੀ ਇਹ ਸਮਝਣ ਵਿਚ ਮਦਦ ਹੋ ਸਕਦੀ ਹੈ ਕਿ ਤੁਹਾਡੇ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦੇਣ ਵੇਲੇ ਉਨ੍ਹਾਂ ਨੂੰ ਕਿਹੜੀ ਜਾਣਕਾਰੀ ਸ਼ਾਮਲ ਕਰਨ ਦੀ ਲੋੜ ਹੋ ਸਕਦੀ ਹੈ।

ਤੁਸੀਂ www.worksafebc.com ਵੈੱਬਸਾਈਟ ’ਤੇ *ਰੀਹੈਬਲੀਟੇਸ਼ਨ ਸਰਵਿਸਿਜ਼ ਐਂਡ ਕਲੇਮਜ਼ ਮੈਨੂਅਲ* ਵਿਚ ਵਰਕਸੇਫ ਬੀ ਸੀ ਦੀਆਂ ਪਾਲਸੀਆਂ ਦੇਖ ਸਕਦੇ ਹੋ।



ਸਾਰੇ ਕੇਸਾਂ ਵਿਚ, ਡਾਕਟਰੀ ਮਾਹਰ ਨੂੰ ਇਸ ਸਬੰਧੀ ਖਾਸ ਸਵਾਲ ਪੁੱਛੋ ਕਿ ਜਿਹੜੀ ਰਾਇ ਤੁਸੀਂ ਮੰਗੀ ਹੈ, ਇਸ ਬਾਰੇ ਉਹ ਤੁਹਾਨੂੰ ਪੂਰੀ ਤਰ੍ਹਾਂ ਦੱਸੇ।

## ਮੈਨੂੰ ਡਾਕਟਰੀ ਮਾਹਰ ਨੂੰ ਕਿਹੜੇ ਸਵਾਲ ਪੁੱਛਣੇ ਚਾਹੀਦੇ ਹਨ?

ਡਾਕਟਰੀ ਮਾਹਰ ਨੂੰ ਅਜਿਹੀ ਚਿੱਠੀ ਲਿਖਣ ਲਈ ਕਹੋ ਜਿਹੜੀ:

- ਉਸ ਦੀ ਮਾਹਰ ਵਜੋਂ ਯੋਗਤਾ ਬਾਰੇ ਦੱਸਦੀ ਹੋਵੇ
- ਇਹ ਦੱਸਦੀ ਹੋਵੇ ਕਿ ਉਹ ਤੁਹਾਨੂੰ ਕਿਵੇਂ ਜਾਣਦਾ ਹੈ (ਜੇ ਜਾਣਦਾ ਹੈ) ਅਤੇ ਉਹ ਤੁਹਾਡੇ ਕੇਸ ਤੋਂ ਕਿੰਨਾ ਕੁ ਜਾਣੂ ਹੈ
- ਕਿਸੇ ਵਿਸ਼ੇ ’ਤੇ ਖਾਸ ਸਵਾਲਾਂ ਬਾਰੇ ਆਪਣੇ ਰਾਇ ਦਿੰਦੀ ਹੋਵੇ ਅਤੇ ਇਹ ਦੱਸਦੀ ਹੋਵੇ ਕਿ ਉਸ ਦੀ ਰਾਇ ਦਾ ਆਧਾਰ ਕੀ ਹੈ
- ਇਹ ਦੱਸਦੀ ਹੋਵੇ ਕਿ ਉਸ ਦੀ ਰਾਇ ਫਾਇਲ ਵਿਚਲੀ ਹੋਰ ਡਾਕਟਰੀ ਰਾਇ ਨਾਲੋਂ ਵੱਖਰੀ ਕਿਉਂ ਹੈ
- ਕੋਈ ਹੋਰ ਜਾਣਕਾਰੀ ਜਾਂ ਰਾਇ ਦਿੰਦੀ ਹੋਵੇ ਜਿਹੜੀ ਮਦਦ ਕਰਨ ਵਾਲੀ ਹੋ ਸਕਦੀ ਹੋਵੇ

## ਮੇਰੇ ਵਲੋਂ ਪ੍ਰਦਾਨ ਕੀਤੀ ਗਈ ਡਾਕਟਰੀ ਰਾਇ ਨੂੰ ਡਬਲਯੂ ਸੀ ਏ ਟੀ ਕਿਵੇਂ ਵਿਚਾਰੇਗਾ?

ਜਦੋਂ ਡਬਲਯੂ ਸੀ ਏ ਟੀ ਦਾ ਵਾਈਸ ਚੇਅਰ ਅਪੀਲ ਬਾਰੇ ਫੈਸਲਾ ਕਰਦਾ ਹੈ ਤਾਂ ਉਸ ਨੂੰ ਸਾਰੇ ਸਬੂਤਾਂ, ਡਾਕਟਰੀ ਅਤੇ ਗੈਰ-ਡਾਕਟਰੀ ਦੋਨਾਂ ’ਤੇ ਵਿਚਾਰ ਕਰਨਾ ਪੈਂਦਾ ਹੈ। ਕਿਸੇ ਵਰਕਰ ਦੇ ਮੁਆਵਜ਼ੇ ਨਾਲ ਸੰਬੰਧਿਤ ਅਪੀਲ ਵਿਚ, ਜੇ ਕਿਸੇ ਮਾਮਲੇ ’ਤੇ ਵੱਖ ਵੱਖ ਸਿੱਟਿਆਂ ਦੀ ਹਿਮਾਇਤ ਵਿਚ ਸਬੂਤ ਇਕੋ ਜਿਹੇ ਹੋਣ ਤਾਂ ਵਾਈਸ ਚੇਅਰ ਲਈ ਇਸ ਦਾ ਫੈਸਲਾ ਵਰਕਰ ਦੇ ਹੱਕ ਵਿਚ ਕਰਨਾ ਜ਼ਰੂਰੀ ਹੈ।

ਵਾਈਸ ਚੇਅਰ ਸਬੂਤਾਂ ’ਤੇ ਵਿਚਾਰ ਕਰਦਾ ਹੈ ਅਤੇ ਅਸਲੀਅਤ ਦਾ ਪਤਾ ਲਾਉਂਦਾ ਹੈ, ਜਿਸ ਵਿਚ ਕਿਸੇ ਗਵਾਹ ਦੀ ਭਰੋਸੇਯੋਗਤਾ ਵੀ ਸ਼ਾਮਲ ਹੈ ਅਤੇ ਇਨ੍ਹਾਂ ਤੱਥਾਂ ’ਤੇ ਕਾਨੂੰਨ ਅਤੇ ਵਰਕਸੇਫ ਬੀ ਸੀ ਦੀ ਪਾਲਸੀ ਲਾਗੂ ਕਰਦਾ ਹੈ। ਅਸਲੀਅਤ ਦਾ ਪਤਾ ਲਾਉਣ ਅਤੇ ਅਪੀਲ ਦਾ ਫੈਸਲਾ

ਕਰਨ ਵੇਲੇ ਵਾਈਸ ਚੇਅਰ ਡਾਕਟਰੀ ਸਬੂਤਾਂ ਦੇ ਨਾਲ ਨਾਲ ਬਾਕੀ ਸਾਰੇ ਗੈਰ-ਮੈਡੀਕਲ ਸਬੂਤਾਂ ’ਤੇ ਵੀ ਵਿਚਾਰ ਕਰਦਾ ਹੈ। ਵਾਈਸ ਚੇਅਰ ਇਹ ਫੈਸਲਾ ਕਰਦਾ ਹੈ ਕਿ ਕਿਸੇ ਡਾਕਟਰੀ ਰਾਇ ਨੂੰ ਕਿੰਨਾ ਮਹੱਤਵ ਦੇਣਾ ਹੈ।

ਡਾਕਟਰੀ ਰਾਇ ਨੂੰ ਜਾਚਣ ਵੇਲੇ ਵਾਈਸ ਚੇਅਰ ਅੱਗੇ ਲਿਖੇ ਪੱਖਾਂ ’ਤੇ ਵਿਚਾਰ ਕਰਦਾ ਹੈ:

- ਰਾਇ ਦੇਣ ਵਾਲੇ ਵਿਅਕਤੀ ਦੀ ਮੁਹਾਰਤ। ਇਸ ਵਿਚ ਉਨ੍ਹਾਂ ਦੀ ਟਰੇਨਿੰਗ ਅਤੇ ਪੜ੍ਹਾਈ ਦੇ ਨਾਲ ਨਾਲ ਯੋਗਤਾਵਾਂ ਵੀ ਸ਼ਾਮਲ ਹਨ। ਉਦਾਹਰਣ ਲਈ, ਔਰਥੋਪੀਡਿਕ ਸਰਜਨ ਦੀ ਰਾਇ ਨੂੰ ਆਮ ਤੌਰ ’ਤੇ ਫੈਮਿਲੀ ਡਾਕਟਰ ਦੀ ਰਾਇ ਨਾਲੋਂ ਜ਼ਿਆਦਾ ਮਹੱਤਵ ਦਿੱਤਾ ਜਾ ਸਕਦਾ ਹੈ ਕਿਉਂਕਿ ਸਰਜਨ ਕੋਲ ਜ਼ਿਆਦਾ ਖਾਸ ਟਰੇਨਿੰਗ ਹੋਵੇਗੀ।
- ਕੀ ਰਾਇ ਦਾ ਵਿਸ਼ਾ ਉਸ ਦੀ ਮੁਹਾਰਤ ਦੇ ਵਿਚ ਆਉਂਦਾ ਹੈ। ਉਦਾਹਰਣ ਲਈ, ਜੇ ਸੁਣਨ-ਸ਼ਕਤੀ ਦੇ ਨੁਕਸਾਨ ਦਾ ਕਲੇਮ ਹੈ ਤਾਂ ਕੰਨਾਂ, ਨੱਕ ਅਤੇ ਗਲ਼ੇ ਦੇ ਸਪੈਸ਼ਲਿਸਟ ਜਾਂ ਆਡਿਓਲੋਜਿਸਟ ਦੀ ਰਾਇ ਨੂੰ ਆਮ ਤੌਰ ’ਤੇ ਔਰਥੋਪੀਡਿਕ ਸਰਜਨ ਦੀ ਰਾਇ ਨਾਲੋਂ ਜ਼ਿਆਦਾ ਮਹੱਤਵ ਦਿੱਤਾ ਜਾਵੇਗਾ।
- ਕੀ ਦਿੱਤੀ ਗਈ ਕਿਸੇ ਰਾਇ ਪਿਛਲੇ ਤੱਥ ਸਾਫ ਸਾਫ ਦੱਸੇ ਗਏ ਹਨ, ਸਹੀ ਅਤੇ ਮੁਕੰਮਲ ਹਨ ਅਤੇ ਕਿਸੇ ਵੀ ਸਵੈਵਿਰੋਧ ਦੀ ਵਿਆਖਿਆ ਧਿਆਨ ਨਾਲ ਕੀਤੀ ਗਈ ਹੈ। ਉਦਾਹਰਣ ਲਈ, ਇਕ ਡਾਕਟਰ ਦੀ ਰਾਇ ਵਿਚ ਕਿਸੇ ਵਰਕਰ ਦੀ ਪਿੱਠ ਦੇ ਹੇਠਲੇ ਪਾਸੇ ਦੀ ਦਰਦ ਸ਼ੁਰੂ ਹੋਣ ਦਾ ਕੋਈ ਖਾਸ ਕਾਰਨ ਨਹੀਂ ਦੱਸਿਆ ਗਿਆ ਹੋ ਸਕਦਾ ਹੈ, ਜਦ ਕਿ ਕਿਸੇ ਹੋਰ ਡਾਕਟਰ ਦੀ ਰਾਇ ਵਿਚ ਇਹ ਖਾਸ ਤੌਰ ’ਤੇ ਦੱਸਿਆ ਗਿਆ ਹੋ ਸਕਦਾ ਹੈ ਕਿ ਵਰਕਰ ਤਿਲਕਵੀਂ ਫਰਸ਼ ਤੋਂ ਡਿਗ ਪਿਆ ਸੀ ਅਤੇ ਉਸ ਤੋਂ ਫੌਰਨ ਬਾਅਦ ਉਸ ਦੀ ਪਿੱਠ ਦੇ ਹੇਠਲੇ ਪਾਸੇ ਦਰਦ ਸ਼ੁਰੂ ਹੋ ਗਈ।
- ਕੀ ਰਾਇ ਡਾਕਟਰੀ ਮਸ਼ਵਰੇ ਦੀ ਮੰਗ ਕਰਦੇ ਸਵਾਲਾਂ ਦੇ ਜਵਾਬ ਦਿੰਦੀ ਹੈ, ਜਿਵੇਂ ਕਿ ਸੱਟ ਦਾ ਸੰਭਵ ਕਾਰਨ।

ਜਦੋਂ ਆਪਾ ਵਿਰੋਧੀ ਡਾਕਟਰੀ ਸਬੂਤ ਹੋਣ ਤਾਂ ਵਾਈਸ ਚੇਅਰ ਇਹ ਫੈਸਲਾ ਕਰਨ ਲਈ ਅੱਗੇ ਲਿਖੇ ਪੱਖਾਂ ’ਤੇ ਵਿਚਾਰ ਕਰ ਸਕਦਾ ਹੈ ਕਿ ਕਿਹੜੇ ਡਾਕਟਰੀ ਸਬੂਤ ਜ਼ਿਆਦਾ ਕਾਇਲ ਕਰਨ ਵਾਲੇ ਹਨ:

- ਕੰਮ ਦੀ ਕਾਰਣਤਾ ਦੇ ਮਸਲਿਆਂ ਦੇ ਸਬੰਧ ਵਿਚ, ਤੁਹਾਡੇ ਕੰਮ ਦੇ ਫਰਜ਼ਾਂ ਨਾਲ ਸੰਬੰਧਿਤ ਮਾਹਰਾਂ ਦਾ ਗਿਆਨ।
- ਜੇ ਤੁਹਾਡੀ ਹਾਲਤ ਬਾਰੇ ਵਰਕਸੇਫ ਬੀ ਸੀ ਦੀ ਕੋਈ ਪਾਲਸੀ ਹੈ, ਜਿਵੇਂ ਕਿ ਕਿਸੇ ਕੰਮ ਨਾਲ ਸੰਬੰਧਿਤ ਸੌਫਟ ਟਿਸ਼ੂ ਡਿਸਔਰਡਰ, ਤਾਂ ਰਾਵਾਂ ਲਾਗੂ ਹੁੰਦੀਆਂ ਸੇਧਾਂ ਬਾਰੇ ਕਿਸ ਹੱਦ ਤੱਕ ਦੱਸਦੀਆਂ ਹਨ।
- ਤੁਹਾਡੀ ਹਾਲਤ ਦੀ ਸਹੀ ਪਛਾਣ ਦੇ ਸਬੰਧ ਵਿਚ, ਮਾਹਰਾਂ ਦੀ ਸਬੰਧਿਤ ਮੁਹਾਰਤ ਅਤੇ ਸਾਰੀ ਢੁਕਵੀਂ ਡਾਕਟਰੀ ਜਾਣਕਾਰੀ ਅਤੇ ਪੜਤਾਲਾਂ ਬਾਰੇ ਉਨ੍ਹਾਂ ਦਾ ਗਿਆਨ।
- ਆਪਣੀ ਰਾਇ ਲਈ ਮਾਹਰ ਦੀ ਦਲੀਲ ਦੀ ਕਿਸਮ ਅਤੇ ਉਸ ਦਾ ਵਿਸਤਾਰ।

## ਕੀ ਮੈਨੂੰ ਜ਼ੁਬਾਨੀ ਸੁਣਵਾਈ ਤੋਂ ਪਹਿਲਾਂ ਡਬਲਯੂ ਸੀ ਏ ਟੀ ਨੂੰ ਆਪਣੇ ਸਬੂਤ ਦੇਣ ਦੀ ਲੋੜ ਹੈ?

ਹਾਂ। ਜੇ ਜ਼ਬਾਨੀ ਸੁਣਵਾਈ ਹੋ ਰਹੀ ਹੈ ਤਾਂ ਇਹ ਜ਼ਰੂਰੀ ਹੈ ਕਿ ਤੁਹਾਡੇ ਕੋਈ ਵੀ ਨਵੇਂ ਡਾਕਟਰੀ ਸਬੂਤ, ਜਿਨ੍ਹਾਂ ਵਿਚ ਮਾਹਰਾਂ ਦੀ ਰਾਇ ਵੀ ਸ਼ਾਮਲ ਹੈ, ਸਾਨੂੰ ਜ਼ਬਾਨੀ ਸੁਣਵਾਈ ਤੋਂ ਘੱਟੋ ਘੱਟ **21 ਦਿਨ** ਪਹਿਲਾਂ ਮਿਲ ਜਾਣ। ਇਸ ਨਾਲ ਸਾਨੂੰ ਇਹ ਹਿੱਸਾ ਲੈ ਰਹੀਆਂ ਦੂਜੀਆਂ ਧਿਰਾਂ ਨੂੰ ਭੇਜਣ ਅਤੇ ਸੁਣਵਾਈ ਤੋਂ ਪਹਿਲਾਂ ਵਾਈਸ ਚੇਅਰ ਵਲੋਂ ਵਿਚਾਰੇ ਜਾਣ ਦਾ ਸਮਾਂ ਮਿਲਦਾ ਹੈ। ਤੁਹਾਨੂੰ ਰਾਇ ਦੀ ਮੰਗ ਕਰਨ ਵਾਲੀ ਆਪਣੀ (ਜਾਂ ਆਪਣੇ ਨੁਮਾਇੰਦੇ) ਦੀ ਚਿੱਠੀ ਅਤੇ ਮਾਹਰ ਦੇ ਬਿੱਲ ਦੀ ਇਕ ਕਾਪੀ ਵੀ ਭੇਜਣੀ ਚਾਹੀਦੀ ਹੈ। ਵਾਈਸ ਚੇਅਰ ਨਵੇਂ ਡਾਕਟਰੀ ਸਬੂਤ ਜ਼ਬਾਨੀ ਸੁਣਵਾਈ ਵੇਲੇ ਜਾਂ ਬਾਅਦ ਵਿਚ ਵੀ ਪ੍ਰਵਾਨ ਕਰ ਸਕਦਾ ਹੈ ਜੋ ਕਿ ਇਸ ਚੀਜ਼ ’ਤੇ ਨਿਰਭਰ ਕਰਦਾ ਹੈ ਕਿ ਜ਼ਬਾਨੀ ਸੁਣਵਾਈ ਤੋਂ ਪਹਿਲਾਂ ਨਾ ਦੇਣ ਦੇ ਤੁਹਾਡੇ ਕਾਰਨ ਕੀ ਸਨ।

## ਕੀ ਮੈਨੂੰ ਆਪਣੇ ਸਬੂਤ ਡਬਲਯੂ ਸੀ ਏ ਟੀ ਨੂੰ ਆਪਣੀਆਂ ਲਿਖਤੀ ਦਲੀਲਾਂ (ਰਿਟਨ ਸਬਮਿਸ਼ਨ) ਦੇ ਨਾਲ ਦੇਣ ਦੀ ਲੋੜ ਹੈ?

ਹਾਂ। ਜੇ ਤੁਹਾਡੀ ਅਪੀਲ ਲਿਖਤੀ ਦਲੀਲਾਂ ਦੇ ਤਰੀਕੇ ਨਾਲ ਹੈ ਤਾਂ ਕੋਈ ਵੀ ਨਵੇਂ ਡਾਕਟਰੀ ਸਬੂਤ ਸ਼ਾਮਲ ਕਰੋ ਅਤੇ ਸਾਡੇ

ਵਲੋਂ ਤੁਹਾਨੂੰ ਦਿੱਤੀ ਗਈ ਅੰਤਿਮ ਤਾਰੀਖ ਤੱਕ ਆਪਣੀਆਂ ਲਿਖਤੀ ਦਲੀਲਾਂ ਦੇ ਨਾਲ ਭੇਜੋ।

## ਕੀ ਮੈਨੂੰ ਸੁਣਵਾਈ ਵਿਚ ਕਿਸੇ ਡਾਕਟਰੀ ਮਾਹਰ, ਜਿਵੇਂ ਕਿ ਇਕ ਡਾਕਟਰ, ਨੂੰ ਲਿਆਉਣ ਦੀ ਲੋੜ ਹੈ?

ਨਹੀਂ। ਡਬਲਯੂ ਸੀ ਏ ਟੀ ਕਿਸੇ ਡਾਕਟਰੀ ਮਾਹਰ ਦੀਆਂ ਲਿਖਤੀ ਰਿਪੋਰਟਾਂ ਨੂੰ ਪ੍ਰਵਾਨ ਕਰੇਗਾ ਅਤੇ ਉਸ ਨੂੰ ਜ਼ਬਾਨੀ ਸੁਣਵਾਈ ਵਿਚ ਆਉਣ ਦੀ ਲੋੜ ਨਹੀਂ ਪਵੇਗੀ। ਸਾਨੂੰ ਮਾਹਰ ਦੀ ਰਾਇ ਜ਼ਬਾਨੀ ਸੁਣਵਾਈ ਤੋਂ ਘੱਟੋ ਘੱਟ **21 ਦਿਨ** ਪਹਿਲਾਂ ਜ਼ਰੂਰ ਮਿਲ ਜਾਣੀ ਚਾਹੀਦੀ ਹੈ। ਅਸੀਂ ਡਾਕਟਰੀ ਮਾਹਰ ਤੋਂ ਜ਼ਬਾਨੀ ਸੁਣਵਾਈ ਵਿਚ ਆਉਣ ਦੀ ਮੰਗ ਨਹੀਂ ਕਰਾਂਗੇ ਜੇ ਵਾਈਸ ਚੇਅਰ ਇਹ ਵਿਸ਼ਵਾਸ ਨਾ ਕਰਦਾ ਹੋਵੇ ਕਿ ਅਪੀਲ ਬਾਰੇ ਮੁਨਾਸਬ ਤੌਰ ’ਤੇ ਫੈਸਲਾ ਕਰਨ ਲਈ ਇਸ ਦੀ ਲੋੜ ਹੈ।

## ਕੀ ਡਬਲਯੂ ਸੀ ਏ ਟੀ ਹੋਰ ਡਾਕਟਰੀ ਸਬੂਤ ਲੈ ਸਕਦਾ ਹੈ?

ਸਾਨੂੰ ਹੋਰ ਡਾਕਟਰੀ ਸਬੂਤ ਇਕੱਤਰ ਕਰਨ ਦਾ ਹੱਕ ਹੈ। ਇਸ ਵਿਚ ਤੁਹਾਡੇ ਡਾਕਟਰੀ ਰਿਕਾਰਡ, ਜਾਂ ਤੁਹਾਡੇ ਡਾਕਟਰਾਂ ਵਿੱਚੋਂ ਕਿਸੇ ਡਾਕਟਰ, ਜਾਂ ਕਿਸੇ ਨਿਰਪੱਖ ਸਿਹਤ ਮਾਹਰ, ਜਾਂ ਬਹੁਤ ਹੀ ਘੱਟ ਮੌਕਿਆਂ ’ਤੇ, ਵਰਕਸੇਫ ਬੀ ਸੀ ਦੇ ਡਾਕਟਰ ਦੀ ਰਾਇ ਸ਼ਾਮਲ ਹੋ ਸਕਦੀ ਹੈ। ਨਿਰਪੱਖ ਸਿਹਤ ਮਾਹਰ ਤੁਹਾਨੂੰ ਜਾਂਚ ਕਰਵਾਉਣ ਆਉਣ ਲਈ ਕਹਿ ਸਕਦਾ ਹੈ।

## ਕੀ ਡਬਲਯੂ ਸੀ ਏ ਟੀ, ਵਰਕਸੇਫ ਬੀ ਸੀ ਨੂੰ ਮੇਰੇ ਖਰਚੇ ਦੇਣ ਲਈ ਆਰਡਰ ਕਰੇਗਾ?

ਅਸੀਂ ਵਰਕਸੇਫ ਬੀ ਸੀ ਨੂੰ ਇਹ ਆਰਡਰ ਕਰ ਸਕਦੇ ਹਾਂ ਕਿ ਉਹ ਅਪੀਲ ਨਾਲ ਸੰਬੰਧਿਤ ਤੁਹਾਡੇ ਖਰਚੇ ਤੁਹਾਨੂੰ ਵਾਪਸ ਦੇਵੇ, ਜਿਵੇਂ ਕਿ ਤੁਹਾਡੇ ਡਾਕਟਰ ਜਾਂ ਸਪੈਸ਼ਲਿਸਟ ਤੋਂ ਚਿੱਠੀ ਲੈਣ ਦੇ ਖਰਚੇ। ਜੇ ਤੁਹਾਡੇ ਅਜਿਹੇ ਖਰਚੇ ਹੋਏ ਹਨ ਤਾਂ ਪੈਸੇ ਵਾਪਸ ਲੈਣ ਲਈ ਆਪਣੀਆਂ ਲਿਖਤੀ ਦਲੀਲਾਂ ਵਿਚ ਜਾਂ ਜ਼ਬਾਨੀ ਸੁਣਵਾਈ ਵਿਚ ਵਰਕਸੇਫ ਬੀ ਸੀ ਨੂੰ ਆਰਡਰ ਕਰਨ ਲਈ ਸਾਨੂੰ ਆਖੋ ਅਤੇ ਰਾਇ ਲਈ ਆਪਣੀ ਲਿਖਤੀ ਬੇਨਤੀ ਦੀ ਕਾਪੀ ਅਤੇ ਡਾਕਟਰ ਦੇ ਬਿੱਲ ਦੀ ਕਾਪੀ ਸਾਨੂੰ ਦਿਉ।



ਭਾਵੇਂ ਤੁਸੀਂ ਅਪੀਲ ਵਿਚ ਕਾਮਯਾਬ ਨਾ ਵੀ ਹੋਵੋ, ਅਸੀਂ ਆਮ ਤੌਰ ’ਤੇ ਵਰਕਸੇਫ ਬੀ ਸੀ ਨੂੰ ਇਹ ਆਰਡਰ ਕਰਾਂਗੇ ਕਿ ਉਹ ਡਾਕਟਰੀ ਸਬੂਤ ਜਾਂ ਰਾਇ ਲੈਣ ਲਈ ਤੁਹਾਡੇ ਵਲੋਂ ਕੀਤੇ ਗਏ ਖਰਚੇ ਤੁਹਾਨੂੰ ਵਾਪਸ ਕਰੇ, ਜੇ ਸਬੂਤ ਫਾਇਦੇਮੰਦ ਸਨ ਜਾਂ ਅਪੀਲ ਦਾ ਫੈਸਲਾ ਕਰਨ ਵਿਚ ਮਦਦ ਕਰਨ ਵਾਲੇ ਸਨ, ਜਾਂ ਤੁਹਾਡੇ ਵਲੋਂ ਅਪੀਲ ਲਈ ਸਬੂਤ ਲੈਣਾ ਵਾਜਬ ਸੀ। ਵਾਪਸ ਕਰਨ ਯੋਗ ਪੈਸਿਆਂ ਦੀ ਰਕਮ ਉੱਪਰ ਅਸੀਂ ਹੱਦਾਂ ਲਾਗੂ ਕਰਦੇ ਹਾਂ, ਜਿਸ ਬਾਰੇ ਤੁਸੀਂ ਸਾਡੇ ਵੈੱਬਸਾਈਟ ’ਤੇ ***ਐੱਮ ਆਰ ਪੀ ਪੀ*** ਟੈਬ ਹੇਠ ਅਤੇ ***ਅਪੀਲ ਐਕਸਪੈਂਸਿਜ਼*** ਟੈਬ ਹੇਠ *ਮੈਨੂਅਲ ਆਫ ਰੂਲਜ਼ ਆਫ ਪ੍ਰੈਕਟਿਸ ਐਂਡ ਪ੍ਰੋਸੀਜ਼ਰ* ਵਿਚ ਅੰਤਿਕਾ 11 ਵਿਚ ਦੇਖ ਸਕਦੇ ਹੋ। ਜੇ ਤੁਹਾਡਾ ਬਿੱਲ ਜ਼ਿਆਦਾ ਹੋਵੇ ਅਤੇ ਤੁਸੀਂ ਆਪਣੇ ਸਾਰੇ ਖਰਚੇ ਵਾਪਸ ਲੈਣਾ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ ਉਨ੍ਹਾਂ ਕਾਰਨਾਂ ਬਾਰੇ ਦੱਸੋ ਜਿਨ੍ਹਾਂ ਕਰਕੇ ਤੁਸੀਂ ਸੋਚਦੇ ਹੋ ਕਿ ਸਾਨੂੰ ਪੂਰੀ ਰਕਮ ਦੇਣ ਦਾ ਆਰਡਰ ਕਰਨਾ ਚਾਹੀਦਾ ਹੈ।

## ਮੈਂ ਮਦਦ ਕਰਨ ਵਾਲੇ ਡਾਕਟਰੀ ਸ੍ਰੋਤ ਕਿੱਥੋਂ ਲੱਭ ਸਕਦਾ/ਸਕਦੀ ਹਾਂ?

ਇਹ ਕੁਝ ਇੰਟਰਨੈੱਟ ਵੈੱਬਸਾਈਟ ਉਨ੍ਹਾਂ ਡਾਕਟਰੀ ਹਾਲਤ (ਹਾਲਤਾਂ) ਅਤੇ ਸ਼ਬਦਾਵਲੀ ਨੂੰ ਬਿਹਤਰ ਸਮਝਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ ਜਿਹੜੇ ਤੁਹਾਡੀ ਅਪੀਲ ਵਿਚ ਸਾਹਮਣੇ ਆ ਸਕਦੇ ਹਨ। ਇਨ੍ਹਾਂ ਵੈੱਬਸਾਈਟਾਂ ਉਪਰਲੀ ਜਾਣਕਾਰੀ ਕੋਈ ਡਾਕਟਰੀ ਸਬੂਤ ਨਹੀਂ ਹਨ। ਪਰ, ਤੁਸੀਂ ਇਸ ਵਿੱਚੋਂ ਕੁਝ ਜਾਣਕਾਰੀ, ਲਿਖਤੀ ਡਾਕਟਰੀ ਰਾਇ ਦੀ ਤਿਆਰੀ ਵਿਚ ਵਰਤਣ ਲਈ ਆਪਣੇ ਡਾਕਟਰੀ ਮਾਹਰ ਦੇ ਧਿਆਨ ਵਿਚ ਲਿਆ ਸਕਦੇ ਹੋ।

ਡਬਲਯੂ ਸੀ ਏ ਟੀ ਇਨ੍ਹਾਂ ਵੈੱਬਸਾਈਟਾਂ ਉਪਰਲੀ ਕਿਸੇ ਵੀ ਜਾਣਕਾਰੀ ਦੇ ਠੀਕ ਹੋਣ ਬਾਰੇ ਕੋਈ ਪੜਚੋਲ ਜਾਂ ਪੁਸ਼ਟੀ ਨਹੀਂ ਕਰਦਾ:

- ਅਮੈਰੇਕਨ ਐਸੋਸੀਏਸ਼ਨ ਆਫ ਔਰਥੋਪੀਡਿਕ ਸਰਜਨਜ਼ (ਮਰੀਜ਼ਾਂ ਲਈ ਜਾਣਕਾਰੀ)
- ਅਮੈਰੇਕਨ ਕਾਲਜ ਆਫ ਆਕੂਪੇਸ਼ਨਲ ਐਂਡ ਇਨਵਾਇਰਮੈਂਟਲ ਮੈਡੀਸਨ
- ਅਮੈਰੇਕਨ ਕਾਲਜ ਆਫ ਰੂਮਾਟੋਲੋਜੀ

- ਬੀ.ਸੀ. ਸੈਂਟਰ ਫਾਰ ਡਿਜ਼ੀਜ਼ ਕੰਟਰੋਲ
- ਬੀ.ਸੀ. ਕੈਂਸਰ ਏਜੰਸੀ
- ਬੀ.ਸੀ. ਹੈਲਥ ਗਾਈਡ
- ਬੀ.ਸੀ. ਮਨਿਸਟਰੀ ਆਫ ਹੈਲਥ-ਹੈਲਥ ਰੀਲੇਟਡ ਇੰਟਰਨੈੱਟ ਰੀਸੋਰਸਿਜ਼
- ਕੈਨੇਡਾ'ਜ਼ ਨੈਸ਼ਨਲ ਆਕੂਪੇਸ਼ਨਲ ਹੈਲਥ ਐਂਡ ਸੇਫਟੀ ਵੈੱਬਸਾਈਟ
- ਕੈਨੇਡੀਅਨ ਕੈਂਸਰ ਸੁਸਾਇਟੀ
- ਕੈਨੇਡੀਅਨ ਸੈਂਟਰ ਫਾਰ ਆਕੂਪੇਸ਼ਨਲ ਹੈਲਥ ਐਂਡ ਸੇਫਟੀ (ਸੀ ਸੀ ਓ ਐੱਚ ਐੱਸ)
- ਕੈਨੇਡੀਅਨ ਹੈਲਥ ਨੈੱਟਵਰਕ (ਵਰਕਪਲੇਸ ਹੈਲਥ)
- ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ
- ਕਾਲਜ ਆਫ ਫਿਜ਼ੀਸ਼ੀਅਨਜ਼ ਐਂਡ ਸਰਜਨਜ਼ ਆਫ ਬ੍ਰਿਟਿਸ਼ ਕੋਲੰਬੀਆ (ਸਿਫਾਰਸ਼ ਕੀਤੇ ਗਏ ਔਨਲਾਈਨ ਸ੍ਰੋਤ)
- ਗੂਗਲ ਸਕੌਲਰ
- ਗਰੇਅ, ਹੈਨਰੀ. 1918. *ਅਨਾਟੋਮੀ ਆਫ ਦਾ ਹਿਊਮਨ ਬੌਡੀ*
- ਹੈਲਥ ਕੈਨੇਡਾ -ਡਿਜ਼ੀਜ਼ ਐਂਡ ਕੰਡੀਸ਼ਨਜ਼
- ਹੈਲਥ ਕੈਨੇਡਾ -ਇਨਵਾਇਰਮੈਂਟਲ ਐਂਡ ਵਰਕਪਲੇਸ ਹੈਲਥ
- Healthfinder.gov (ਅਮਰੀਕਾ)
- ਹੈਲਥ ਇਨਫਰਮੇਸ਼ਨ ਰੀਸੋਰਸਿਜ਼ (ਇੰਗਲੈਂਡ)
- ਹੈਲਥ ਆਨ ਦਾ ਨੈੱਟ ਫਾਉਂਡੇਸ਼ਨ
- ਦਾ ਮਰਕ ਮੈਨੂਅਲ – ਹੋਮ ਅਡੀਸ਼ਨ
- ਦਾ ਮਿਓ ਕਲੀਨਿਕ
- ਮੈਡਬਰੌਡਕਾਸਟ
- MedicineNet.com
- ਮੈਡਲਾਈਨ ਪਲੱਸ
- ਮਲਟੀਲਿੰਗੂਅਲ ਗਲੌਸਰੀ ਆਫ ਟੈਕਨੀਕਲ ਐਂਡ ਪਾਪੂਲਰ ਮੈਡੀਕਲ ਟਰਮਜ਼
- ਨੈਸ਼ਨਲ ਇੰਸਟੀਚਿਊਟ ਫਾਰ ਆਕੂਪੇਸ਼ਨਲ ਸੇਫਟੀ ਐਂਡ ਹੈਲਥ
- ਨੈਸ਼ਨਲ ਲਾਇਬਰੇਰੀ ਆਫ ਮੈਡੀਸਨ
- ਆਕੂਪੇਸ਼ਨਲ ਸੇਫਟੀ ਐਂਡ ਹੈਲਥ ਐਡਮਿਨਸਟਰੇਸ਼ਨ
- ਔਨ-ਲਾਈਨ ਚਾਇਨੀਜ਼ -ਇੰਗਲਸ਼ ਮੈਡੀਕਲ ਡਿਕਸ਼ਨਰੀ
- ਪਬਮੈੱਡ
- ਰੌਇਲ ਕਾਲਜ ਆਫ ਸਰਜਨਜ਼ ਆਫ ਇੰਗਲੈਂਡ (ਮਰੀਜ਼ਾਂ ਲਈ ਜਾਣਕਾਰੀ -ਇੰਟਰਨੈੱਟ ਸ੍ਰੋਤ)
- ਯੂ ਕੇ ਐੱਨ ਐੱਚ ਐੱਸ ਡਾਇਰੈਕਟ
- ਵਰਕਪਲੇਸ ਹੈਜ਼ਰਡਸ ਮਾਟੀਰੀਅਲਜ਼ ਇਨਫਰਮੇਸ਼ਨ ਸਿਸਟਮ

## ਮੈਨੂੰ ਆਪਣੀ ਅਪੀਲ ਦੇ ਸਬੰਧ ਵਿਚ ਮਦਦ ਕਿੱਥੋਂ ਮਿਲ ਸਕਦੀ ਹੈ?

ਤੁਸੀਂ ਮਾਹਰਾਂ ਦੇ ਸਬੂਤਾਂ ਬਾਰੇ ਜ਼ਿਆਦਾ ਜਾਣਕਾਰੀ, ਡਬਲਯੂ ਸੀ ਏ ਟੀ ਦੇ ਮੈਨੂਅਲ ਆਫ ਰੂਲਜ਼ ਆਫ ਪ੍ਰੈਕਟਿਸ ਐਂਡ ਪ੍ਰੋਸੀਜ਼ਰ (ਐੱਮ ਆਰ ਪੀ ਪੀ) ਤੋਂ ਲੈ ਸਕਦੇ ਹੋ ਜੋ ਕਿ ਸਾਡੇ ਵੈੱਬਸਾਈਟ www.wcat.bc.ca 'ਤੇ ***ਐੱਮ ਆਰ ਪੀ ਪੀ*** ਟੈਬ ਹੇਠ ਹੈ। ਖਾਸ ਕਰਕੇ ਆਈਟਮ 11.6 ਦੇਖੋ। ਤੁਹਾਨੂੰ ***ਪ੍ਰੀਪੇਰਿੰਗ ਫਾਰ ਐਨ ਅਪੀਲ*** ਟੈਬ ਥੱਲੇ ਸਬੂਤਾਂ ਦੇ ਮੁਢਲੇ ਸਿਧਾਂਤਾਂ ਬਾਰੇ ਜ਼ਿਆਦਾ ਜਾਣਕਾਰੀ ਵੀ ਮਿਲੇਗੀ।

ਤੁਸੀਂ ਇਨ੍ਹਾਂ ਵਿੱਚੋਂ ਕਿਸੇ ਵੀ ਥਾਂ ਵਿਚਲੇ ਕਿਸੇ ਵਰਕਰਜ਼' ਜਾਂ ਇਮਪਲੌਏਅਰਜ਼' ਐਡਵਾਈਜ਼ਰ ਤੋਂ ਅਪੀਲ ਦੇ ਸੰਬੰਧ ਵਿਚ ਮੁਫਤ ਮਦਦ ਲੈ ਸਕਦੇ ਹੋ:

## ਵਰਕਰਜ਼' ਐਡਵਾਈਜ਼ਰਜ਼

*ਵੈੱਬਸਾਈਟ:* www.labour.gov.bc.ca/wab

### ਵੈਨਕੂਵਰ/ਲੋਅਰ ਮੇਨਲੈਂਡ ਦਾ ਇਲਾਕਾ

**ਐਬਟਸਫੋਰਡ**
204 - 32555 Simon Avenue
Abbotsford, BC V2T 4Y2
*ਟੈਲੀਫੋਨ:* 604 870-5488
*ਫੈਕਸ:* 604 870-5494
*ਬੀ ਸੀ ਵਿਚ ਟੋਲ ਫ੍ਰੀ:*
1 888 295-7781

**ਰਿਚਮੰਡ**
500 - 8100 Granville Avenue
Richmond, BC V6Y 3T6
*ਟੈਲੀਫੋਨ:* 604 713-0360
*ਫੈਕਸ:* 604 713-0311
*ਬੀ ਸੀ ਵਿਚ ਟੋਲ ਫ੍ਰੀ:*
1 800 663-4261

### ਵੈਨਕੂਵਰ ਆਈਲੈਂਡ ਦਾ ਇਲਾਕਾ

**ਕੈਂਬਲ ਰਿਵਰ**
205 -1040 Shoppers Row
Campbell River, BC V9W 2C6
*ਟੈਲੀਫੋਨ:* 250 830-6526
*ਫੈਕਸ:* 250 830-6528
*ਬੀ ਸੀ ਵਿਚ ਟੋਲ ਫ੍ਰੀ:*
1 800 661-4066

**ਨਨਾਇਮੋ**
504 - 495 Dunsmuir Street
Nanaimo, BC V9R 6B9
*ਟੈਲੀਫੋਨ:* 250 741-5504
*ਫੈਕਸ:* 250 741-5516
*ਬੀ ਸੀ ਵਿਚ ਟੋਲ ਫ੍ਰੀ:*
1 800 661-4066

**ਵਿਕਟੋਰੀਆ**
403 - 3960 Quadra Street
Victoria, BC V8X 4A3
*ਟੈਲੀਫੋਨ:* 250 952-4393
*ਫੈਕਸ:* 250 952-4399
*ਬੀ ਸੀ ਵਿਚ ਟੋਲ ਫ੍ਰੀ:*
1 800 661-4066

### ਇਨਟੀਰੀਅਰ ਦਾ ਇਲਾਕਾ

**ਕੈਮਲੂਪਸ**
102 - 70 Second Avenue
Kamloops, BC V2C 6W2
*ਟੈਲੀਫੋਨ:* 250 371-3860
*ਫੈਕਸ:* 250 371-3820
*ਬੀ ਸੀ ਵਿਚ ਟੋਲ ਫ੍ਰੀ:*
1 800 663-6695

**ਕਲੋਨਾ**
101 - 1726 Dolphin Avenue
Kelowna, BC V1Y 9R9
*ਟੈਲੀਫੋਨ:* 250 717-2096
*ਫੈਕਸ:* 250 717-2010
*ਬੀ ਸੀ ਵਿਚ ਟੋਲ ਫ੍ਰੀ:*
1 800 663-6695

**ਨੈਲਸਨ**
333 Victoria Street
First Floor
Nelson, BC V1L 4K3
*ਟੈਲੀਫੋਨ:* 250 354-6933
*ਫੈਕਸ:* 250 354-6944
*ਬੀ ਸੀ ਵਿਚ ਟੋਲ ਫ੍ਰੀ:*
1 800 663-4261

**ਪ੍ਰਿੰਸ ਜੌਰਜ**
208 -1577 7th Avenue
Prince George, BC V2L 3P5
*ਟੈਲੀਫੋਨ:* 250 565-4280
*ਫੈਕਸ:* 250 565-4283
*ਬੀ ਸੀ ਵਿਚ ਟੋਲ ਫ੍ਰੀ:*
1 800 663-6695



## ਇਮਪਲੌਏਅਰਜ਼' ਐਡਵਾਈਜ਼ਰਜ਼

*ਵੈੱਬਸਾਈਟ:* www.labour.gov.bc.ca/eao

### ਵੈਨਕੂਵਰ/ਲੋਅਰ ਮੇਨਲੈਂਡ ਦਾ ਇਲਾਕਾ

**ਐਬਟਸਫੋਰਡ**
207 - 32555 Simon Avenue
Abbotsford, BC V2T 4Y2
*ਟੈਲੀਫੋਨ:* 604 870-5492
*ਫੈਕਸ:* 604 870-5498
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 870-5492

**ਰਿਚਮੰਡ**
620 - 8100 Granville Avenue
Richmond, BC V6Y 3T6
*ਟੈਲੀਫੋਨ:* 604 713-0303
*ਫੈਕਸ:* 604 713-0345
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 800 925-2233

### ਵੈਨਕੂਵਰ ਆਈਲੈਂਡ ਦਾ ਇਲਾਕਾ

**ਨਨਾਇਮੋ**
404 - 495 Dunsmuir Street
Nanaimo, BC V9R 6B9
*ਟੈਲੀਫੋਨ:* 250 741-5500
*ਫੈਕਸ:* 250 741-5508
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 827-2277

**ਵਿਕਟੋਰੀਆ**
400 - 3960 Quadra Street
Quadra Centre
Victoria, BC V8X 4A8
*ਟੈਲੀਫੋਨ:* 250 952-4821
*ਫੈਕਸ:* 250 952-4822
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ: 1800 663-8783*

### ਇਨਟੀਰੀਅਰ ਦਾ ਇਲਾਕਾ

**ਕੈਮਲੂਪਸ**
101 - 70 Second Avenue
Kamloops, BC V2C 6W2
*ਟੈਲੀਫੋਨ:* 250 828-4397
*ਫੈਕਸ:* 250 828-4563
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 301-6688

**ਕਲੋਨਾ**
102 - 1726 Dolphin Avenue
Kelowna, BC V1Y 9R9
*ਟੈਲੀਫੋਨ:* 250 717-2050
*ਫੈਕਸ:* 250 717-2051
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 855-7575

**ਪ੍ਰਿੰਸ ਜੌਰਜ**
206 - 1577 7th Avenue
Prince George, BC V2L 3P5
*ਟੈਲੀਫੋਨ:* 250 565-4285
*ਫੈਕਸ:* 250 565-4288
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 888 608-8882

**ਟਰੇਲ**
1050 Eldorado Street
Trail, BC V1R 3V7
*ਟੈਲੀਫੋਨ:* 250 364-0730
*ਫੈਕਸ:* 250 364-0731
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 877 877-5524

## ਡਬਲਯੂ ਸੀ ਏ ਟੀ ਦੀਆਂ ਜਾਣਕਾਰੀ ਦੇਣ ਵਾਲੀਆਂ ਗਾਈਡਾਂ

*ਰਿਵੀਉ ਡਿਵੀਜ਼ਨ ਦੇ ਕਿਸੇ ਫੈਸਲੇ ਵਿਰੁੱਧ ਅਪੀਲ ਕਰਨ ਲਈ ਵਰਕਰ ਦੀ ਗਾਈਡ**

*ਰਿਵੀਉ ਡਿਵੀਜ਼ਨ ਦੇ ਕਿਸੇ ਫੈਸਲੇ ਵਿਰੁੱਧ ਅਪੀਲ ਕਰਨ ਲਈ ਇਮਪਲੌਏਅਰ ਦੀ ਗਾਈਡ**

*ਉੱਤਰਦਾਇਕ ਦੀ ਗਾਈਡ**

*ਜ਼ਬਾਨੀ ਸੁਣਵਾਈ ਬਾਰੇ ਗਾਈਡ**

*ਲਿਖਤੀ ਦਲੀਲਾਂ ਦੇਣ ਬਾਰੇ ਗਾਈਡ**

*ਡਾਕਟਰੀ ਸਬੂਤਾਂ ਬਾਰੇ ਗਾਈਡ**

*ਫੈਸਲੇ ਤੋਂ ਬਾਅਦ ਲਈ ਗਾਈਡ**

* ਇਹ ਗਾਈਡਾਂ ਸਾਡੇ ਵੈੱਬਸਾਈਟ ’ਤੇ ਪੰਜਾਬੀ, ਚਾਇਨੀਜ਼ (ਟ੍ਰਾਡੀਸ਼ਨਲ) ਅਤੇ ਚਾਇਨੀਜ਼ (ਸਿੰਪਲੀਫਾਇਡ) ਵਿਚ ਵੀ ਮਿਲਦੀਆਂ ਹਨ।

## ਡਬਲਯੂ ਸੀ ਏ ਟੀ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ

ਚਿੱਠੀ-ਪੱਤਰ ਲਈ ਐਡਰੈਸ:
Workers’ Compensation Appeal Tribunal
150 – 4600 Jacombs Road
Richmond, BC V6V 3B1

ਟੈਲੀਫੋਨ: 604 664-7800
ਫੈਕਸ: 604 664-7898
ਬੀ ਸੀ ਵਿਚ ਟੋਲ ਫ੍ਰੀ: 1 800 663-2782

ਵੈੱਬਸਾਈਟ: www.wcat.bc.ca

ਜੇ ਤੁਹਾਡੇ ਕੋਲ ਸਮਾਰਟ ਫੋਨ ਹੈ ਤਾਂ ਸਾਡੇ ਵੈੱਬਸਾਈਟ ਤੱਕ ਪਹੁੰਚ ਕਰਨ ਲਈ ਇਹ ਕੋਡ ਸਕੈਨ ਕਰੋ।

WCAT Workers’ Compensation Appeal Tribunal